# ਭਾਈਚਾਰੇ ਵਿੱਚ ਵਿਦੇਸ਼ੀ ਦਖ਼ਲ

ਵਿਦੇਸ਼ੀ ਸਰਕਾਰਾਂ ਤੋਂ ਖ਼ਤਰੇ ਅਤੇ ਡਰ ਦੀ ਰਿਪੋਰਟ ਕਿਵੇਂ ਕਰਨੀ ਹੈ

**FACTSHEET** / March 2023

**afp.gov.au**

## ਜਾਣ-ਪਛਾਣ

ਵਿਦੇਸ਼ੀ ਦਖ਼ਲ ਆਸਟ੍ਰੇਲੀਆ ਦੇ ਲੋਕਾਂ, ਸੁਤੰਤਰਤਾ ਅਤੇ ਸੁਰੱਖਿਆ ਅਤੇ ਸਾਡੀਆਂ ਰਾਸ਼ਟਰੀ ਸੰਸਥਾਵਾਂ ਦੀ ਅਖੰਡਤਾ ਲਈ ਗੰਭੀਰ ਖ਼ਤਰੇ ਨੂੰ ਦਰਸਾਉਂਦੀ ਹੈ। ਵਿਦੇਸ਼ੀ ਦਖ਼ਲ ਦੇ ਖ਼ਤਰੇ ਆਸਟ੍ਰੇਲੀਆਈ ਭਾਈਚਾਰੇ ਦੇ ਕਿਸੇ ਇੱਕ ਖੇਤਰ ਤੱਕ ਸੀਮਤ ਨਹੀਂ ਹਨ ਅਤੇ ਨਾ ਹੀ ਕਿਸੇ ਇੱਕ ਰਾਸ਼ਟਰ-ਰਾਜ ਦੁਆਰਾ ਕੀਤਾ ਜਾਂਦਾ ਹੈ। ਵਿਰੋਧੀ ਵਿਦੇਸ਼ੀ ਰਾਜ (ਉਹ ਦੇਸ਼ ਜੋ ਦੂਜੇ ਦੇਸ਼ਾਂ ਦੇ ਵਿਰੁੱਧ ਦੁਸ਼ਮਣੀ ਵਾਲੀ ਗਤੀਵਿਧੀ ਕਰਦੇ ਹਨ) ਸਰਕਾਰ ਦੇ ਸਾਰੇ ਪੱਧਰਾਂ ਅਤੇ ਕਈ ਖੇਤਰਾਂ ਵਿੱਚ ਆਸਟ੍ਰੇਲੀਆਈ ਫ਼ੈਸਲੇ ਲੈਣ ਵਾਲਿਆਂ ਵਿੱਚ ਦਖ਼ਲ ਦੇਣ ਦੇ ਮੌਕੇ ਪੈਦਾ ਕਰ ਅਤੇ ਉਹਨਾਂ ਨੂੰ ਅੱਗੇ ਤੋਰ ਰਹੇ ਹਨ, ਜਿਸ ਵਿੱਚ ਸ਼ਾਮਲ ਹਨ: ਲੋਕਤੰਤਰੀ ਸੰਸਥਾਵਾਂ; ਸਿੱਖਿਆ ਅਤੇ ਖੋਜ; ਮੀਡੀਆ ਅਤੇ ਸੰਚਾਰ; ਅਤਿ ਜ਼ਰੂਰੀ ਬੁਨਿਆਦੀ ਢਾਂਚਾ; ਅਤੇ ਮਹੱਤਵਪੂਰਨ ਤੌਰ 'ਤੇ, ਸਾਡੇ ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ (CALD) ਭਾਈਚਾਰੇ।.

## ਭਾਈਚਾਰੇ ਵਿੱਚ ਵਿਦੇਸ਼ੀ ਦਖ਼ਲ

ਭਾਈਚਾਰੇ ਵਿੱਚ ਵਿਦੇਸ਼ੀ ਦਖ਼ਲ ਨੂੰ ਵਿਦੇਸ਼ੀ ਸਰਕਾਰਾਂ ਦੁਆਰਾ ਨਿਰਦੇਸ਼ਿਤ, ਨਿਗਰਾਨੀ ਜਾਂ ਵਿੱਤੀ ਸਹਾਇਤਾ ਪ੍ਰਾਪਤ ਅਤੇ ਆਸਟ੍ਰੇਲੀਆ ਦੇ ਬਹੁ-ਸੱਭਿਆਚਾਰਕ ਜੀਵਨ ਢੰਗ ਨੂੰ ਨੁਕਸਾਨ ਪਹੁੰਚਾਉਣ ਅਤੇ ਪ੍ਰਭਾਵ ਪਾਉਣ ਲਈ CALD ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਦੇ ਖ਼ਤਰੇ ਅਤੇ ਡਰ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ । ਵਿਦੇਸ਼ੀ ਸਰਕਾਰਾਂ ਕਈ ਉਦੇਸ਼ਾਂ ਲਈ ਭਾਈਚਾਰਿਆਂ ਵਿੱਚ ਦਖ਼ਲ ਦੇ ਸਕਦੀਆਂ ਹਨ:

- ਵਿਦੇਸ਼ੀ ਸਰਕਾਰ ਦੀਆਂ ਅੰਦਰੂਨੀ ਅਤੇ ਬਾਹਰੀ ਨੀਤੀਆਂ ਦੀ ਆਲੋਚਨਾ ਨੂੰ ਬੰਦ ਕਰਾਉਣ ਲਈ
- CALD ਗਰੁੱਪ ਦੇ ਮੈਂਬਰਾਂ ਦੀਆਂ ਗਤੀਵਿਧੀਆਂ ਦੀ (ਅਸਲ ਜੀਵਨ ਅਤੇ ਔਨਲਾਈਨ) ਨਿਗਰਾਨੀ ਕਰਨ ਲਈ
- ਵਿਦੇਸ਼ੀ ਸਰਕਾਰ ਦੇ ਵਿਚਾਰਾਂ ਅਤੇ ਨੀਤੀਆਂ ਨੂੰ ਉਤਸ਼ਾਹਿਤ ਕਰਨ ਲਈ
- ਵਿਦੇਸ਼ੀ ਸਰਕਾਰ ਦੇ ਲਾਭ ਲਈ ਜਾਣਕਾਰੀ ਪ੍ਰਾਪਤ ਕਰਨ ਲਈ
- ਵਿਆਪਕ ਆਬਾਦੀ ਦੇ ਵਿਚਾਰਾਂ ਅਤੇ ਰਾਏ ਨੂੰ ਪ੍ਰਭਾਵਿਤ ਕਰਨ ਲਈ।.

## ਭਾਈਚਾਰੇ ਵਿੱਚ ਵਿਦੇਸ਼ੀ ਦਖ਼ਲ ਕਈ ਰੂਪ ਲੈ ਸਕਦਾ ਹੈ

**ਜਿਸ ਵਿੱਚ ਸ਼ਾਮਲ ਹਨ:**

- ਹਮਲਾ ਜਾਂ ਹਮਲੇ ਦੀਆਂ ਧਮਕੀਆਂ
- ਬਲੈਕਮੇਲ ਕਰਨਾ
- ਅਗਵਾ ਕਰਨਾ, ਗੈਰ-ਕਾਨੂੰਨੀ ਨਜ਼ਰਬੰਦੀ ਜਾਂ ਆਜ਼ਾਦੀ ਤੋਂ ਵਾਂਝਾ ਰੱਖਣਾ
- ਪਿੱਛਾ ਕਰਨਾ ਅਤੇ ਵਿਅਕਤੀਗਤ ਜਾਂ ਇਲੈਕਟ੍ਰਾਨਿਕ ਰੂਪ ਵਿੱਚ ਅਣਚਾਹੀ ਨਿਗਰਾਨੀ
- ਕਿਸੇ ਵਿਅਕਤੀ ਨੂੰ ਉਸਦੇ ਪਰਿਵਾਰ ਜਾਂ ਵਿਦੇਸ਼ਾਂ ਵਿੱਚ ਰਹਿੰਦੇ ਸਹਿਯੋਗੀਆਂ ਨੂੰ ਧਮਕਾ ਕੇ ਆਪਣੀ ਗੱਲ ਮੰਨਣ ਲਈ ਮਜਬੂਰ ਕਰਨਾ
- ਸੋਸ਼ਲ ਮੀਡੀਆ ਰਾਹੀਂ ਕਿਸੇ ਵਿਅਕਤੀ ਜਾਂ ਗਰੁੱਪ ਨੂੰ ਬਦਨਾਮ ਕਰਨ ਲਈ ਔਨਲਾਈਨ ਅਪਸ਼ਬਦ ਫੈਲਾਉਣ ਵਾਲੀਆਂ ਮੁਹਿੰਮਾਂ ਚਲਾਉਣਾ।

ਮਹੱਤਵਪੂਰਨ ਤੌਰ 'ਤੇ, ਕ੍ਰਿਮੀਨਲ ਕੋਡ ਐਕਟ 1995 (Cth) ਦੇ ਤਹਿਤ ਵਿਦੇਸ਼ੀ ਦਖ਼ਲ ਦਾ ਮੁਕੱਦਮਾ ਚਲਾਉਣ ਲਈ, ਉਸ ਗਤੀਵਿਧੀ ਦਾ ਵਿਦੇਸ਼ੀ ਸਰਕਾਰ ਜਾਂ ਇਸਦੀ ਪ੍ਰੌਕਸੀ ਨਾਲ ਜੁੜਿਆ ਹੋਣਾ ਲਾਜ਼ਮੀ ਹੈ। ਅਪਰਾਧ ਦਾ ਮੁਲਾਂਕਣ ਕਰਨ ਵਿੱਚ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਆਸਟ੍ਰੇਲੀਆਈ ਰਾਜਾਂ ਜਾਂ ਪ੍ਰਦੇਸ਼ਾਂ ਵਿੱਚ ਕੀਤੇ ਅਪਰਾਧਾਂ 'ਤੇ ਵੀ ਵਿਚਾਰ ਕਰ ਸਕਦੀਆਂ ਹਨ।

## ਕਿਸਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ?

ਵਿਦੇਸ਼ੀ ਸਰਕਾਰਾਂ ਇਨ੍ਹਾਂ ਨੂੰ ਨਿਸ਼ਾਨਾ ਬਣਾ ਸਕਦੀਆਂ ਹਨ :

- ਆਸਟ੍ਰੇਲੀਆ ਵਿੱਚ ਰਹਿੰਦੇ ਉਨ੍ਹਾਂ ਦੇ ਸਾਬਕਾ ਜਾਂ ਮੌਜੂਦਾ ਨਾਗਰਿਕਾਂ ਨੂੰ
- ਰਾਜਨੀਤਿਕ ਅਤੇ ਮਨੁੱਖੀ ਅਧਿਕਾਰ ਕਾਰਕੁੰਨਾਂ ਨੂੰ
- ਵਿਰੋਧੀਆਂ ਨੂੰ
- ਪੱਤਰਕਾਰਾਂ ਨੂੰ
- ਸਿਆਸੀ ਵਿਰੋਧੀਆਂ ਨੂੰ
- ਧਾਰਮਿਕ ਜਾਂ ਨਸਲੀ ਘੱਟ ਗਿਣਤੀ ਸਮੂਹਾਂ ਨੂੰ।

## ਮੈਂ ਮੱਦਦ ਕਰਨ ਲਈ ਕੀ ਕਰ ਸਕਦਾ/ਦੀ ਹਾਂ?

ਹਾਲਾਂਕਿ ਭਾਈਚਾਰੇ ਵਿੱਚ ਵਿਦੇਸ਼ੀ ਦਖ਼ਲ ਦੀਆਂ ਸਾਰੀਆਂ ਰਿਪੋਰਟਾਂ ਇੱਕ ਸਪੱਸ਼ਟ AFP ਜਵਾਬੀ ਕਾਰਵਾਈ ਸ਼ੁਰੂ ਨਹੀਂ ਕਰਨਗੀਆਂ, ਪਰ ਹਰ ਰਿਪੋਰਟ ਉੱਭਰ ਰਹੇ ਮੁੱਦਿਆਂ ਦੀ **ਤਸਵੀਰ ਬਣਾਉਣ ਵਿੱਚ ਮੱਦਦ** ਕਰਦੀ ਹੈ।

ਭਾਈਚਾਰੇ ਵਿੱਚ ਵਿਦੇਸ਼ੀ ਦਖ਼ਲ ਦੀਆਂ ਕਿਸੇ ਵੀ ਚਿੰਤਾਵਾਂ ਅਤੇ/ਜਾਂ ਘਟਨਾਵਾਂ ਦੀ ਰਿਪੋਰਟ **ਨੈਸ਼ਨਲ ਸਕਿਓਰਿਟੀ ਹੌਟਲਾਈਨ (NSH)** ਨੂੰ ਕੀਤੀ ਜਾ ਸਕਦੀ ਹੈ।

- NSH 24 ਘੰਟੇ, 7 ਦਿਨ ਕੰਮ ਕਰਦਾ ਹੈ ਅਤੇ ਭਾਈਚਾਰੇ ਵਿੱਚ ਸੰਭਾਵੀ ਵਿਦੇਸ਼ੀ ਦਖ਼ਲ ਬਾਰੇ ਚਿੰਤਾਵਾਂ ਦੀ ਰਿਪੋਰਟ ਕਰਨ ਲਈ ਸੰਪਰਕ ਕਰਨ ਦਾ ਕੇਂਦਰੀ ਬਿੰਦੂ ਹੈ।
- NSH ਆਪਰੇਟਰਾਂ ਨੂੰ ਪਤਾ ਹੋਵੇਗਾ ਕਿ ਤੁਹਾਡੇ ਵੱਲੋਂ ਦਿੱਤੀ ਜਾਣਕਾਰੀ ਨਾਲ ਕੀ ਕਰਨਾ ਹੈ, ਅਤੇ ਜਿੱਥੇ ਉਚਿਤ ਹੋਵੇਗਾ, ਉਹ ਮੁਲਾਂਕਣ ਲਈ ਇਸਨੂੰ ਕਾਨੂੰਨ ਲਾਗੂ ਕਰਨ ਅਤੇ ਸੁਰੱਖਿਆ ਕਰਨ ਵਾਲੀਆਂ ਏਜੰਸੀਆਂ ਨੂੰ ਦੇਣਗੇ।
- NSH ਓਪਰੇਟਰ ਹਰ ਕਾਲ ਨੂੰ ਗੰਭੀਰਤਾ ਨਾਲ ਲੈਂਦੇ ਹਨ ਅਤੇ ਪ੍ਰਾਪਤ ਹੋਈ ਸਾਰੀ ਜਾਣਕਾਰੀ ਦੀ ਕਦਰ ਕਰਦੇ ਹਨ।
- ਅਸੀਂ ਜਾਣਦੇ ਹਾਂ ਕਿ ਚਿੰਤਾ ਦੇ ਮਾਮਲੇ ਦੀ ਰਿਪੋਰਟ ਕਰਨਾ ਇੱਕ ਵੱਡਾ ਕਦਮ ਹੋ ਸਕਦਾ ਹੈ। ਅਸੀਂ ਤੁਹਾਡੇ ਗੁਪਤਤਾ ਦੇ ਅਧਿਕਾਰ ਨੂੰ ਗੰਭੀਰਤਾ ਨਾਲ ਲੈਂਦੇ ਹਾਂ। ਕਿਰਪਾ ਕਰਕੇ ਓਪਰੇਟਰ ਨੂੰ ਦੱਸੋ ਜੇਕਰ ਤੁਸੀਂ ਅਗਿਆਤ ਰਹਿਣਾ ਚਾਹੁੰਦੇ ਹੋ।
- ਇਸ ਜਾਣਕਾਰੀ ਦੇ ਸੰਵੇਦਨਸ਼ੀਲ ਹੋਣ ਕਾਰਨ, ਤੁਹਾਨੂੰ ਤੁਹਾਡੀ ਕਾਲ ਜਾਂ ਈਮੇਲ ਕਰਨ ਤੋਂ ਨਿੱਕਲੇ ਨਤੀਜੇ ਬਾਰੇ ਸਲਾਹ ਨਹੀਂ ਮਿਲੇਗੀ।

ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ AFP ਨੂੰ ਭਾਈਚਾਰੇ ਵਿੱਚ ਵਿਦੇਸ਼ੀ ਦਖ਼ਲ ਨੂੰ ਰੋਕਣ ਵਿੱਚ ਮੱਦਦ ਕਰਨ ਲਈ ਲੋੜੀਂਦਾ ਗੁਆਚਿਆ ਹਿੱਸਾ ਹੋ ਸਕਦੀ ਹੈ।

**NSH** ਨਾਲ ਸੰਪਰਕ ਕਰਨ ਦੇ ਕਈ ਤਰੀਕੇ ਹਨ:

- **ਫ਼ੋਨ ਦੁਆਰਾ: 1800 123 400**
  - ਆਸਟ੍ਰੇਲੀਆ ਦੇ ਬਾਹਰੋਂ: (+61) 1300 123 401
  - TTY ਉਪਭੋਗਤਾਵਾਂ ਲਈ (ਉੱਚਾ ਸੁਣਨ ਵਾਲੇ ਉਪਭੋਗਤਾਵਾਂ ਲਈ): 1800 234 889

  - **ਜੇਕਰ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਕਿਰਪਾ ਕਰਕੇ 131 450 'ਤੇ ਅਨੁਵਾਦ ਅਤੇ ਦੁਭਾਸ਼ੀਆ ਸੇਵਾ ਨੂੰ ਫ਼ੋਨ ਕਰੋ ਅਤੇ ਉਨ੍ਹਾਂ ਨੂੰ ਰਾਸ਼ਟਰੀ ਸੁਰੱਖਿਆ ਹੌਟਲਾਈਨ ਨੂੰ ਫ਼ੋਨ ਕਰਨ ਲਈ ਕਹੋ।**

- **SMS ਦੁਆਰਾ**
  - ਕਿਰਪਾ ਕਰਕੇ ਆਪਣੀ ਜਾਣਕਾਰੀ ਟੈਕਸਟ ਮੈਸੇਜ ਰਾਹੀਂ 0498 562 549 'ਤੇ ਭੇਜੋ
- **ਈ-ਮੇਲ ਦੁਆਰਾ**
  - ਕਿਰਪਾ ਕਰਕੇ ਆਪਣੀ ਜਾਣਕਾਰੀ ਈਮੇਲ ਰਾਹੀਂ ਇੱਥੇ ਭੇਜੋ: hotline@nationalsecurity.gov.au
- **ਡਾਕ ਦੁਆਰਾ:**
  - ਕਿਰਪਾ ਕਰਕੇ ਆਪਣੀ ਜਾਣਕਾਰੀ ਇੱਥੇ ਪੋਸਟ ਕਰੋ:
    National Security Hotline
    Department of Home Affairs
    PO Box 25
    Belconnen ACT 2616

## ਰਿਪੋਰਟ ਕਰਨ ਦੇ ਹੋਰ ਤਰੀਕੇ

ਜਿੱਥੇ ਉਚਿਤ ਹੋਵੇ, ਤੁਸੀਂ ਹੋਰ ਸਾਧਨਾਂ ਰਾਹੀਂ ਵੀ ਆਪਣੀਆਂ ਚਿੰਤਾਵਾਂ ਦੀ ਰਿਪੋਰਟ ਕਰ ਸਕਦੇ ਹੋ।

- eSafety ਗੰਭੀਰ ਤੌਰ 'ਤੇ ਅਪਮਾਨਜਨਕ ਔਨਲਾਈਨ ਸਮੱਗਰੀ ਨੂੰ ਹਟਾਉਣ ਵਿੱਚ ਮੱਦਦ ਕਰਦੀ ਹੈ। ਤੁਸੀਂ esafety.gov.au/report'ਤੇ eSafety ਕਮਿਸ਼ਨਰ ਨੂੰ ਗੰਭੀਰ ਔਨਲਾਈਨ ਦੁਰਵਿਵਹਾਰ ਦੀ ਰਿਪੋਰਟ ਕਰ ਸਕਦੇ ਹੋ।
- ਜੇਕਰ ਤੁਸੀਂ ਕਿਸੇ ਵੀ ਤਰੀਕੇ **ਨਾਲ ਖ਼ਤਰਾ ਜਾਂ ਅਸੁਰੱਖਿਅਤ ਮਹਿਸੂਸ** ਕਰਦੇ ਹੋ, ਤਾਂ ਤੁਸੀਂ ਇਨ੍ਹਾਂ ਨਾਲ ਸੰਪਰਕ ਕਰ ਸਕਦੇ ਹੋ:

  **- ਪੁਲਿਸ ਨਾਲ - ਫੌਰੀ ਖ਼ਤਰੇ ਲਈ 000 'ਤੇ**

  **- ਪੁਲਿਸ ਨਾਲ- 13 14 44 ਨੂੰ ਜਾਨ ਨੂੰ ਖ਼ਤਰਾ ਨਾ ਹੋਣ ਵਾਲੀਆਂ ਘਟਨਾਵਾਂ ਵਿੱਚ ਪੁਲਿਸ ਦੀ ਹਾਜ਼ਰੀ ਲਈ।**
- ਤੁਸੀਂ AFP ਨੂੰ forms.afp.gov.au/online_forms/report_a_crime 'ਤੇ ਔਨਲਾਈਨ ਕਾਮਨਵੈਲਥ ਕ੍ਰਾਈਮ ਦੀ ਰਿਪੋਰਟ ਕਰਨ ਵਾਲੇ ਫਾਰਮ ਰਾਹੀਂ ਕਾਮਨਵੈਲਥ ਅਪਰਾਧ ਦੀ ਰਿਪੋਰਟ ਕਰ ਸਕਦੇ ਹੋ। ਕਾਮਨਵੈਲਥ ਕ੍ਰਾਈਮ ਕਰਨਾ ਕੀ ਹੈ ਇਸ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ afp.gov.au/contact-us/report-commonwealth-crime#What-is-a-Commonwealth-crime ਦੇਖੋ।
- ਭਾਈਚਾਰੇ ਦਾ ਕੋਈ ਵੀ ਮੈਂਬਰ AFP ਦੇ ਕਿਸੇ ਮੈਂਬਰ (AFP ਦੀ ਕਮਿਊਨਿਟੀ ਲਾਈਜ਼ਨ ਟੀਮ ਸਮੇਤ) ਨਾਲ ਸਿੱਧੇ ਤੌਰ 'ਤੇ ਗੱਲ ਕਰਕੇ ਸ਼ੱਕੀ ਜਾਸੂਸੀ ਜਾਂ ਵਿਦੇਸ਼ੀ ਦਖ਼ਲ ਕਰਨ ਦੀਆਂ ਗਤੀਵਿਧੀਆਂ ਦੀ ਰਿਪੋਰਟ ਕਰ ਸਕਦਾ ਹੈ।

## ਮੈਂ ਭਾਈਚਾਰੇ ਵਿੱਚ ਵਿਦੇਸ਼ੀ ਦਖ਼ਲ ਦੀ ਰਿਪੋਰਟ ਕਰਕੇ ਕੀ ਉਮੀਦ ਕਰ ਸਕਦਾ/ਦੀ ਹਾਂ?

AFP ਭਾਈਚਾਰੇ ਵਿੱਚ ਵਿਦੇਸ਼ੀ ਦਖ਼ਲ ਦੀ ਹਰ ਰਿਪੋਰਟ ਦੀ ਜਾਂਚ ਨਹੀਂ ਕਰ ਸਕਦਾ ਹੈ। NSH ਨੂੰ ਕੀਤੀ ਹਰੇਕ ਕਾਲ ਜਾਂ ਅਪਰਾਧ ਦੀ ਰਿਪੋਰਟ ਦਾ ਮੁਲਾਂਕਣ ਕੇਸ-ਦਰ-ਕੇਸ ਆਧਾਰ 'ਤੇ ਕੀਤਾ ਜਾਂਦਾ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਕਿਸੇ ਅਪਰਾਧਿਕ ਕਾਰਵਾਈ ਹੋਣ ਦੀ ਪਛਾਣ ਹੋਈ ਹੈ ਜਾਂ ਨਹੀਂ। ਰਿਪੋਰਟ ਕਰਨ ਦੇ ਨਤੀਜਿਆਂ ਵਿੱਚ ਹੋਣਾ ਇਹ ਸ਼ਾਮਲ ਹਨ:

- ਹੋ ਸਕਦਾ ਹੈ ਕਿ ਕੋਈ ਜਵਾਬ ਨਾ ਮਿਲੇ ਕਿਉਂਕਿ ਉਹ ਮਾਮਲਾ ਪੁਲਿਸ ਕਾਰਵਾਈ ਕਰਨ ਲਈ ਘੱਟੋ-ਘੱਟ ਕਾਨੂੰਨੀ ਹੱਦ ਨੂੰ ਪੂਰਾ ਨਹੀਂ ਕਰਦਾ ਹੈ
- AFP ਜਾਂਚ ਕਰ ਸਕਦੀ ਹੈ
- ਕੋਈ ਹੋਰ ਪੁਲਿਸ ਸੇਵਾ ਜਾਂ ਸਰਕਾਰੀ ਏਜੰਸੀ ਇਸ ਮਾਮਲੇ ਨਾਲ ਨਜਿੱਠ ਸਕਦੀ ਹੈ।

ਆਸਟ੍ਰੇਲੀਆ ਤੋਂ ਬਾਹਰ ਹੋਣ ਵਾਲੇ ਅਪਰਾਧਾਂ ਲਈ, ਅਧਿਕਾਰ ਖੇਤਰ ਦੀਆਂ ਸੀਮਾਵਾਂ ਲਾਗੂ ਹੁੰਦੀਆਂ ਹਨ।

# ਖ਼ਤਰੇ ਦੀਆਂ ਕਿਸਮਾਂ

## ਜੇਕਰ ਤੁਹਾਨੂੰ ਵਿਅਕਤੀਗਤ ਤੌਰ 'ਤੇ ਧਮਕੀ ਦਿੱਤੀ ਜਾਂਦੀ ਹੈ

- ਉਸ ਧਮਕੀ ਨੂੰ ਉਸੇ ਤਰ੍ਹਾਂ ਲਿਖੋ ਜਾਂ ਰਿਕਾਰਡ ਕਰੋ ਜਿਵੇਂ ਕਿ ਇਹ ਪਹੁੰਚਾਈ ਗਈ ਸੀ।
- ਧਮਕੀ ਦੇਣ ਵਾਲੇ ਵਿਅਕਤੀ (ਨਾਮ, ਲਿੰਗ, ਕੱਦ, ਭਾਰ, ਵਾਲਾਂ ਅਤੇ ਅੱਖਾਂ ਦਾ ਰੰਗ, ਆਵਾਜ਼, ਕੱਪੜੇ, ਜਾਂ ਕੋਈ ਹੋਰ ਖ਼ਾਸ ਵਿਸ਼ੇਸ਼ਤਾਵਾਂ) ਬਾਰੇ ਜਿੰਨੇ ਵੀ ਵਰਣਨਯੋਗ ਵੇਰਵੇ ਦੱਸ ਸਕਦੇ ਹੋ ਦੱਸੋ।
- ਪੁਲਿਸ ਨੂੰ ਧਮਕੀ ਦੀ ਰਿਪੋਰਟ ਕਰੋ।

## ਜੇਕਰ ਤੁਹਾਨੂੰ ਟੈਲੀਫ਼ੋਨ 'ਤੇ ਧਮਕੀ ਦਿੱਤੀ ਜਾਂਦੀ ਹੈ ਤਾਂ

- ਜੇਕਰ ਸੰਭਵ ਹੋਵੇ, ਤਾਂ ਨੇੜੇ ਦੇ ਹੋਰਾਂ ਨੂੰ ਫ਼ੋਨ ਨੂੰ ਸੁਣਨ ਅਤੇ ਪੁਲਿਸ ਨੂੰ ਸੂਚਿਤ ਕਰਨ ਲਈ ਸੰਕੇਤ ਦੇਵੋ।
- ਜੇਕਰ ਸੰਭਵ ਹੋਵੇ ਤਾਂ ਕਾਲ ਰਿਕਾਰਡ ਕਰੋ।
- ਉਸ ਧਮਕੀ ਦੀ ਸਹੀ ਸ਼ਬਦਾਵਲੀ ਲਿਖੋ।
- ਫ਼ੋਨ ਦੇ ਇਲੈਕਟ੍ਰਾਨਿਕ ਡਿਸਪਲੇ 'ਤੇ ਦਿੱਖ ਰਹੀ ਹਰ ਜਾਣਕਾਰੀ ਕਾਪੀ ਕਰੋ।
- ਪੁਲਿਸ ਨਾਲ ਉਸ ਜਾਣਕਾਰੀ 'ਤੇ ਚਰਚਾ ਕਰਨ ਲਈ ਉਪਲਬਧ ਰਹੋ।

## ਜੇਕਰ ਤੁਹਾਨੂੰ ਇਲੈਕਟ੍ਰਾਨਿਕ ਸਾਧਨਾਂ ਰਾਹੀਂ ਧਮਕੀ ਦਿੱਤੀ ਜਾਂਦੀ ਹੈ ਜਿਸ ਵਿੱਚ ਟੈਕਸਟ ਮੈਸੇਜ, ਡਾਇਰੈਕਟ/ਪ੍ਰਾਈਵੇਟ ਮੈਸੇਜ, ਸੋਸ਼ਲ ਮੀਡੀਆ ਜਾਂ ਈਮੇਲ ਰਾਹੀਂ ਧਮਕੀ ਦੇਣਾ ਸ਼ਾਮਲ ਹਨ

- ਉਨ੍ਹਾਂ ਸੁਨੇਹਿਆਂ ਨੂੰ ਨਾ ਮਿਟਾਓ।
- ਉਸ ਸੁਨੇਹੇ ਦੀ ਜਾਣਕਾਰੀ (ਵਿਸ਼ਾ ਲਾਈਨ, ਮਿਤੀ, ਸਮਾਂ, ਭੇਜਣ ਵਾਲਾ, ਆਦਿ) ਨੂੰ ਪ੍ਰਿੰਟ ਕਰੋ, ਫ਼ੋਟੋ ਜਾਂ ਸਕ੍ਰੀਨਸ਼ੌਟ ਲੈ ਲਵੋ, ਜਾਂ ਕਾਪੀ ਕਰੋ। ਅਸਥਾਈ ਤੌਰ 'ਤੇ ਰਹਿਣ ਲਈ ਤਿਆਰ ਕੀਤੇ ਗਏ ਸੁਨੇਹਿਆਂ ਨੂੰ ਸੇਵ (ਸੁਰੱਖਿਅਤ) ਕਰਨ ਜਾਂ ਉਹਨਾਂ ਦਾ ਸਕ੍ਰੀਨਸ਼ੌਟ ਲੈਣਾ ਯਕੀਨੀ ਬਣਾਓ।
- ਪੁਲਿਸ ਨੂੰ ਤੁਰੰਤ ਸੂਚਿਤ ਕਰੋ ਕਿ ਤੁਹਾਨੂੰ ਧਮਕੀ ਮਿਲੀ ਹੈ।
- ਸਾਰੇ ਇਲੈਕਟ੍ਰਾਨਿਕ ਸਬੂਤ ਸੁਰੱਖਿਅਤ ਰੱਖੋ।

**ਆਪਣੇ-ਆਪ ਨੂੰ ਇਸ ਕਿਸਮ ਦੇ ਖ਼ਤਰਿਆਂ ਤੋਂ ਬਚਾਉਣ ਲਈ, ਇਨ੍ਹਾਂ ਸੁਝਾਵਾਂ ਦੀ ਪਾਲਣਾ ਕਰੋ:**

- ਅਗਿਆਤ ਭੇਜਣ ਵਾਲਿਆਂ ਤੋਂ ਆਏ ਇਲੈਕਟ੍ਰਾਨਿਕ ਸੰਦੇਸ਼ ਜਾਂ ਅਟੈਚਮੈਂਟ ਨੂੰ ਨਾ ਖੋਲ੍ਹੋ
- ਸੋਸ਼ਲ ਮੀਡੀਆ 'ਤੇ ਅਣਜਾਣ ਜਾਂ ਅਣਚਾਹੇ ਵਿਅਕਤੀਆਂ ਨਾਲ ਗੱਲਬਾਤ ਨਾ ਕਰੋ
- ਯਕੀਨੀ ਬਣਾਓ ਕਿ ਤੁਹਾਡੀਆਂ ਯੰਤਰਾਂ/ਖਾਤਿਆਂ 'ਤੇ ਤੁਹਾਡੀਆਂ ਸੁਰੱਖਿਆ ਸੈਟਿੰਗਾਂ ਸੁਰੱਖਿਆ ਦੇ ਸਭ ਤੋਂ ਉੱਚੇ ਪੱਧਰ 'ਤੇ ਸੈੱਟ ਕੀਤੀਆਂ ਹੋਈਆਂ ਹਨ
- ਸਾਈਬਰ ਅਪਰਾਧੀ ਤੁਹਾਡੀਆਂ ਇਲੈਕਟ੍ਰਾਨਿਕ ਯੰਤਰਾਂ ਨਾਲ ਛੇੜਛਾੜ ਕਰ ਸਕਦੇ ਹਨ ਅਤੇ ਨਿੱਜੀ ਜਾਣਕਾਰੀ ਦਾ ਪਰਦਾਫਾਸ਼ ਕਰ ਸਕਦੇ ਹਨ
- ਆਪਣੇ ਖਾਤਿਆਂ ਨੂੰ ਸ਼ਨਾਖ਼ਤ ਦੀ ਚੋਰੀ ਹੋਣ ਤੋਂ ਬਚਾਉਣ ਲਈ ਤੁਰੰਤ ਆਪਣੀਆਂ ਵਿੱਤੀ ਸੰਸਥਾਵਾਂ ਨਾਲ ਸੰਪਰਕ ਕਰੋ
- ਮਜ਼ਬੂਤ ਪਾਸਫਰੇਜ਼ਾਂ ਦੀ ਵਰਤੋਂ ਕਰੋ ਅਤੇ ਇੱਕ ਤੋਂ ਵੱਧ ਵੈੱਬਸਾਈਟਾਂ ਲਈ ਇੱਕੋ ਪਾਸਫਰੇਜ਼ ਦੀ ਵਰਤੋਂ ਨਾ ਕਰੋ
- ਯਕੀਨੀ ਬਣਾਓ ਕਿ ਐਂਟੀ-ਵਾਇਰਸ ਅਤੇ ਐਂਟੀ-ਮਾਲਵੇਅਰ ਐਪਲੀਕੇਸ਼ਨ ਅੱਪ-ਟੂ-ਡੇਟ (ਤਾਜ਼ਾ) ਹਨ
- ਲੋੜ ਅਨੁਸਾਰ ਸਿਸਟਮ ਅਤੇ ਸਾਫ਼ਟਵੇਅਰ ਅੱਪਡੇਟ ਕਰੋ
- ਦੋ-ਤੱਥੀ ਪ੍ਰਮਾਣਿਕਤਾ ਚਾਲੂ ਕਰੋ
- ਨਿਯਮਿਤ ਤੌਰ 'ਤੇ ਡਾਟਾ ਦਾ ਬੈਕਅੱਪ ਲਵੋ
- ਆਪਣੇ ਮੋਬਾਈਲ ਯੰਤਰ ਨੂੰ ਸੁਰੱਖਿਅਤ ਕਰੋ
- ਆਪਣੀ ਸਾਈਬਰ ਸੁਰੱਖਿਆ ਸੋਚ ਅਤੇ ਜਾਗਰੂਕਤਾ ਵਿਕਸਿਤ ਕਰੋ
- ਹੋਰ ਜਾਣਕਾਰੀ ਲਈ, cyber.gov.au 'ਤੇ ਜਾਓ।